**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:*www.scertpunjab.ac.in*

**ਵੱਲ**

ਸਮੂਹ ਪ੍ਰਿੰਸੀਪਲ ਡਾਇਟ,ਪੰਜਾਬ
ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਡੀ.ਐਮ. ਅਤੇ ਬੀ.ਐਮ (ਅੰਗਰੇਜ਼ੀ)
ਸਮੂਹ ਸਕੂਲ ਮੁੱਖੀ ਵੈਬਸਾਇਟ ਰਾਹੀਂ,
ਸਮੂਹ ਸਬੰਧਤ ਅਧਿਆਪਕ,ਪੰਜਾਬ।

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2018/** 2018093 - 2018192
**ਮਿਤੀ:** 22.01.18

**ਵਿਸ਼ਾ:- ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦੇ Endline Test ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਗਰਾਮ ਤਹਿਤ ਅੱਪਰ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦਾ ਬੇਸਲਾਈਨ ਟੈਸਟ ਕਰਵਾਇਆ ਗਿਆ ਸੀ।
3. ਬੇਸਲਾਈਨ ਟੈਸਟ ਤੋਂ ਵਿਦਿਆਰਥੀਆਂ ਦੇ Learning Levels ਨੂੰ ਜਾਣਨ ਤੋਂ ਬਾਅਦ ਉਹਨਾਂ ਨੂੰ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦਾ Foundation Course ਕਰਵਾਇਆ ਜਾ ਰਿਹਾ ਹੈ ਤਾਂ ਕਿ ਉਹਨਾਂ ਦੇ Learning Levels 'ਚ ਵਾਧਾ ਕੀਤਾ ਜਾ ਸਕੇ।
4. Foundation Course ਦੁਆਰਾ ਵਿਦਿਆਰਥੀਆਂ ਦੇ Learning Levels 'ਚ ਹੋਏ ਸੁਧਾਰ ਸਬੰਧੀ ਮੁਲਾਂਕਣ ਕਰਨ ਲਈ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦਾ Endline Test ਕਰਵਾਇਆ ਜਾ ਰਿਹਾ ਹੈ।
5. ਮਿਤੀ 30.01.2018 ਨੂੰ ਸਮਾਜਿਕ ਵਿਗਿਆਨ ਵਿਸ਼ੇ ਦਾ Endline Test ਹੋਵੇਗਾ।
6. ਮਿਤੀ 01.02.2018 ਤੋਂ ਮਿਤੀ 05.02.2018 ਤੱਕ ਅੰਗਰੇਜ਼ੀ ਵਿਸ਼ੇ ਦਾ Endline Test ਹੋਵੇਗਾ।
7. Endline Tests ਦਾ data enter ਕਰਨ ਦੀ ਅੰਤਿਮ ਮਿਤੀ 09.02.2018 ਹੈ।

8. ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਦਾ Endline Tool ਸਹੀ ਸਮੇਂ ਤੇ ਡੀ.ਐਮਜ਼ ਕੋਲ ਪਹੁੰਚਾ ਦਿੱਤੇ ਜਾਣਗੇ।

9. ਸਮੂਹ ਸਕੂਲ ਮੁੱਖੀ, ਡੀ.ਐਮਜ਼ ਅਤੇ ਬੀ.ਐਮਜ਼ ਇਹ ਯਕੀਨੀ ਬਨਾਉਣ ਕਿ 6ਵੀਂ, 7ਵੀਂ ਅਤੇ 8ਵੀਂ ਦੇ ਹਰ ਵਿਦਿਆਰਥੀ ਦਾ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦਾ Endline Test ਹੋਵੇ।

10. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਡਾਇਟ ਪ੍ਰਿੰਸੀਪਲ, ਸਕੂਲ ਮੁੱਖੀ, ਡੀ.ਐਮਜ਼/ਬੀ.ਐਮਜ਼ ਇਹ ਯਕੀਨੀ ਬਨਾਉਣ ਕਿ ਇਹ Endline Tests ਬਹੁਤ ਹੀ ਇਮਾਨਦਾਰੀ ਅਤੇ ਵਧੀਆ ਢੰਗ ਨਾਲ ਕਰਵਾਏ ਜਾਣ ਤਾਂ ਕਿ ਵਿਦਿਆਰਥੀਆਂ ਦੀ ਅੰਗਰੇਜ਼ੀ /ਸਮਾਜਿਕ ਵਿਗਿਆਨ ਵਿਸ਼ਿਆਂ 'ਚ ਇਸ ਪ੍ਰੋਗਰਾਮ ਰਾਹੀਂ ਹੋਈ progress ਦਾ ਸਹੀ ਮੁਲਾਂਕਣ ਕੀਤਾ ਜਾ ਸਕੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਸਹੀ/-
ਡਾਇਰੈਕਟਰ
**ਐਸ.ਸੀ.ਈ.ਆਰ.ਟੀ,ਪੰਜਾਬ**

ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ./ਸਸਅ/2018/ 2018192 **ਮਿਤੀ:** 22.01.18
ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਐਮ. (MIS) ਨੂੰ ਵੈਬਸਾਇਟ ਤੇ ਪਾਉਣ ਹਿੱਤ

-ਸਹੀ
ਡਾਇਰੈਕਟਰ
**ਐਸ.ਸੀ.ਈ.ਆਰ.ਟੀ,ਪੰਜਾਬ**